## ਕਰੋਨੀਅਲਕੌਂਸਲਿੰਗ ਅਤੇ ਸੂਚਨਾ ਸੇਵਾ

ਪੱਛਮੀ ਆਸਟ੍ਰੇਲੀਆਦੀ ਕੋਰਨਰ'ਜ਼ ਕੋਰਟ (ਕੋਰਨਰ'ਜ਼ ਕੋਰਟ)ਇੱਕ ਸੇਵਾ ਦੀ ਪੇਸ਼ਕਸ਼ ਕਰਦੀ ਹੈ ਜੋ ਕਰੋਨੀਅਲ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦੀ ਹੈ।

ਕਰੋਨੀਅਲ ਕੌਂਸਲਿੰਗ ਅਤੇ ਜਾਣਕਾਰੀ ਸੇਵਾ(Coronial Counselling and Information Service)ਦੇ ਕਰਮਚਾਰੀ ਤੁਹਾਡੀ ਇਨ੍ਹਾਂ ਵਿੱਚ ਸਹਾਇਤਾ ਕਰ ਸਕਦੇ ਹਨ:

- ਕੋਰਨਰ ਦੀ ਭੂਮਿਕਾ ਨੂੰ ਸਮਝਣ ਵਿੱਚ ਤੁਹਾਡੀ ਸਹਾਇਤਾ ਕਰਨੀ;
- ਕਰੋਨੀਅਲ ਪ੍ਰਕਿਰਿਆਦੀ ਵਿਆਖਿਆ ਕਰਨੀ, ਜਿਸ ਵਿੱਚ ਕੀ ਹੁੰਦਾ ਹੈ ਜਦੋਂ ਤੁਸੀਂ ਅੰਦਰੂਨੀ ਪੋਸਟ ਮਾਰਟਮ ਜਾਂਚ 'ਤੇ ਇਤਰਾਜ਼ ਕਰਦੇ ਹੋ; ਅਤੇ
- ਸੋਗ ਅਤੇ ਦੁੱਖਸਬੰਧੀ ਸਲਾਹ ਲਈ ਸੇਵਾਵਾਂ ਦੇ ਹਵਾਲੇ

ਕਿਰਪਾ ਕਰਕੇ ਦਫਤਰੀ ਸਮੇਂ ਦੌਰਾਨ ਕੋਰਨਰ'ਜ਼ ਕੋਰਟ ਨੂੰ ਫ਼ੋਨ ਕਰੋ ਅਤੇ ਕਰੋਨੀਅਲ ਕੌਂਸਲਿੰਗ ਅਤੇ ਸੂਚਨਾ ਅਧਿਕਾਰੀ ਨਾਲ ਗੱਲ ਕਰਨ ਦੀ ਮੰਗ ਕਰੋ।

## ਸੀਨੀਅਰ ਨਜ਼ਦੀਕੀ ਰਿਸ਼ਤੇਦਾਰ

ਕਰੋਨੀਅਲ ਪ੍ਰਕਿਰਿਆ ਦੇ ਹਿੱਸੇ ਵਜੋਂ, ਪ੍ਰਮੁੱਖ ਨਜ਼ਦੀਕੀ ਰਿਸ਼ਤੇਦਾਰਾਂ ਦੇ ਕੁਝ ਅਧਿਕਾਰ ਹੁੰਦੇ ਹਨ।ਨਜ਼ਦੀਕੀ ਰਿਸ਼ਤੇਦਾਰ ਪਹਿਲਾ ਹੁੰਦਾ ਹੈ ਜੋ ਸੂਚੀਬੱਧਤਰਜੀਹ ਦੀ ਤਰਤੀਬਵਿੱਚ ਹੇਠਾਂ ਦਿੱਤੇ ਵਿਅਕਤੀਆਂ ਵਿੱਚੋਂਉਪਲਬਧ (ਥੋੜ੍ਹੇਸਮੇਂ ਵਿੱਚ ਸੰਪਰਕ ਕਰਨ ਯੋਗ) ਹੈ:

- ਇੱਕ ਵਿਅਕਤੀ ਜੋ, ਮੌਤ ਤੋਂ ਤੁਰੰਤ ਪਹਿਲਾਂ, ਮ੍ਰਿਤਕ ਵਿਅਕਤੀ ਦੇ ਨਾਲ ਰਹਿ ਰਿਹਾ ਸੀ ਅਤੇ ਜਾਂ;
  - ਕਾਨੂੰਨੀ ਤੌਰ 'ਤੇ ਮ੍ਰਿਤਕ ਵਿਅਕਤੀ ਨਾਲ ਵਿਆਹਿਆ ਹੋਇਆ ਸੀ; ਜਾਂ
  - 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਅਤੇ ਮ੍ਰਿਤਕ ਵਿਅਕਤੀ ਨਾਲ ਵਿਆਹ ਵਰਗੇ ਰਿਸ਼ਤੇ ਵਿੱਚ ਸੀ;

  ਜਾਂ
- ਇੱਕ ਵਿਅਕਤੀ ਜਿਸ ਦਾ, ਮੌਤ ਤੋਂ ਤੁਰੰਤ ਪਹਿਲਾਂ, ਕਾਨੂੰਨੀ ਤੌਰ 'ਤੇ ਮ੍ਰਿਤਕ ਵਿਅਕਤੀ ਨਾਲ ਵਿਆਹ ਹੋਇਆ ਸੀ; ਜਾਂ
- ਮ੍ਰਿਤਕ ਵਿਅਕਤੀ ਦਾ ਪੁੱਤਰ ਜਾਂ ਧੀ, ਜਿਸ ਦੀ ਉਮਰ 18 ਸਾਲ ਜਾਂ ਵੱਧ ਹੋਵੇ; ਜਾਂ
- ਮ੍ਰਿਤਕਦੇਮਾਪਿਆਂਵਿੱਚੋਂ ਕੋਈ; ਜਾਂ
- ਮ੍ਰਿਤਕ ਵਿਅਕਤੀਦਾ ਭਰਾ ਜਾਂ ਭੈਣ, ਜਿਸ ਦੀ ਉਮਰ 18 ਸਾਲ ਜਾਂ ਵੱਧ ਹੈ; ਜਾਂ
- ਮ੍ਰਿਤਕਵਿਅਕਤੀਦੀਵਸੀਅਤ ਵਿੱਚ ਨਾਮਜ਼ਦ ਕੀਤਾ ਗਿਆ ਇੱਕ ਐਗਜ਼ੀਕਿਊਟਰ, ਜੋ ਮੌਤ ਤੋਂ ਤੁਰੰਤ ਪਹਿਲਾਂ, ਮ੍ਰਿਤਕ ਵਿਅਕਤੀ ਦਾ ਨਿੱਜੀ ਪ੍ਰਤੀਨਿਧੀ ਸੀ; ਜਾਂ
- ਸੰਕਟ ਦੇ ਸਮੇਂਵਿੱਚਸੰਪਰਕਕਰਨਲਈਮ੍ਰਿਤਕ ਵਿਅਕਤੀ ਦੁਆਰਾ ਨਾਮਜ਼ਦ ਕੀਤਾ ਗਿਆ ਕੋਈ ਵੀ ਵਿਅਕਤੀ।

## ਸੰਪਰਕ

### ਪੱਛਮੀ ਆਸਟਰੇਲੀਆ ਦੇ ਕੋਰਨਰ ਦੀ ਅਦਾਲਤ

Department of Justice
Central Law Courts
Level 10, 501 Hay Street
PERTH WA 6000

| | |
|---|---|
| ਦਫਤਰੀ ਸਮਾਂ | ਸਵੇਰ ਦੇ 8:30 ਵਜੇ ਤੋਂ ਸਾਮ ਦੇ 4.30 ਵਜੇਂ ਤੱਕ ਸੋਮਵਾਰ - ਸ਼ੁੱਕਰਵਾਰ |
| ਫ਼ੋਨ | (08) 9425 2900 |
| ਫ਼ੈਕਸ | (08) 9425 2901 |
| ਦਿਹਾਤੀਖੇਤਰਾਂ ਤੋਂ ਫ਼ੋਨ ਕਰਨ ਵਾਲਿਆਂ ਲਈ | 1800 671 994 |
| ਵੈਬਸਾਈਟ | www.coronerscourt.wa.gov.au |
| ਈਮੇਲ | coroner@justice.wa.gov.au |

### Western Australia Police Force Coronial Investigation Squad

| | |
|---|---|
| ਫ਼ੋਨ | (08) 9267 5700 |

*24 ਘੰਟੇ, ਹਫਤੇ ਦੇ 7 ਦਿਨ ਉਪਲਬਧ*

## ਸਹਾਇਕ ਸੇਵਾਵਾਂ

### ਲਾਈਫਲਾਈਨ

| | |
|---|---|
| ਵੈਬਸਾਈਟ | www.lifeline.org.au |
| ਫ਼ੋਨ | 13 11 14 |

### ਗਰੀਫਲਾਈਨ

| | |
|---|---|
| ਵੈਬਸਾਈਟ | https://griefline.org.au |
| ਫ਼ੋਨ | 1300 845 745 |

### ਸਦਮਾਅਤੇਸੋਗਨੈੱਟਵਰਕ

| | |
|---|---|
| ਵੈਬਸਾਈਟ | http://tgn.anu.edu.au/reso |

### ਸੇਵਾਵਾਂ ਆਸਟਰੇਲੀਆ(Services Australia)

| | |
|---|---|
| ਵੈਬਸਾਈਟ | www.servicesaustralia.gov.au |

2022

© Department of Justice
ਮੰਗ ਕਰਨ 'ਤੇ ਇਸ ਪ੍ਰਕਾਸ਼ਨ ਦੇ ਵਕਿਲਪਕਿਸਰੂਪਉਪਲਬਧ ਹਨ

Government of Western Australia
Department of Justice

# ਜਦੋਂ ਇੱਕ ਵਿਅਕਤੀ ਦੀ ਅਚਾਨਕ ਮੌਤ ਹੋ ਜਾਂਦੀ ਹੈ

*ਪਰਿਵਾਰਾਂ ਲਈ ਜਾਣਕਾਰੀ*

ਕੋਰਨਰ ਦੀ ਅਦਾਲਤ

## ਕੋਰਨਰ ਕੌਣ ਹੁੰਦਾ ਹੈ?

ਕੋਰਨਰ ਇੱਕ ਨਿਆਂਇਕ ਅਧਿਕਾਰੀ ਹੈ ਜਿਸ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਜਦੋਂ ਕੋਈ ਰਿਪੋਰਟ ਕਰਨ ਯੋਗ ਮੌਤ ਹੁੰਦੀ ਹੈ। ਇਸ ਵਿੱਚ ਸ਼ਾਮਲ ਹੈ ਜਦੋਂ ਕਿਸੇ ਵਿਅਕਤੀ ਦੀ ਮੌਤ ਅਜਿਹੇ ਹਾਲਾਤਾਂ ਵਿੱਚ ਹੁੰਦੀ ਹੈ ਜੋ ਅਚਾਨਕ, ਗੈਰ-ਕੁਦਰਤੀ, ਹਿੰਸਕ ਜਾਂ ਸੱਟ ਦੇ ਨਤੀਜੇ ਵਜੋਂ ਹੁੰਦੀਆਂ ਹਨ, ਜਾਂ ਜਦੋਂ ਵਿਅਕਤੀ ਨੂੰ ਦੇਖਭਾਲ ਵਿੱਚ ਰੱਖਿਆ ਗਿਆ ਹੁੰਦਾ ਹੈ।

ਮੌਤ ਦੀ ਰਿਪੋਰਟ ਪ੍ਰਾਪਤ ਕੀਤੇ ਜਾਣਬਾਅਦ, ਆਮ ਤੌਰ ‘ਤੇ ਪੁਲੀਸ, ਡਾਕਟਰਾਂ ਜਾਂ ਹਸਪਤਾਲ ਦੇ ਅਧਿਕਾਰੀਆਂ ਤੋਂ, ਕੋਰਨਰ ਦਾ ਮ੍ਰਿਤਕ ਵਿਅਕਤੀ ਦੇ ਸਰੀਰ ‘ਤੇ ਕਾਨੂੰਨੀ ਨਿਯੰਤਰਣ ਹੁੰਦਾ ਹੈ, ਅਤੇ ਉਸ(ਕੋਰਨਰ) ਨੂੰਇਹ ਸਥਾਪਿਤ ਕਰਨਾ ਚਾਹੀਦਾ ਹੈ:

- ਮੌਤ ਦੇ ਆਲੇ ਦੁਆਲੇ ਦੇ ਹਾਲਾਤ;
- ਮੌਤ ਕਿਵੇਂ ਹੋਈ;
- ਮੌਤ ਹੋਣ ਦਾ ਕਾਰਨ;
- ਮੌਤ ਦਰਜ ਕਰਨ ਲਈ ਲੋੜੀਂਦੇ ਵੇਰਵੇ।

## ਕੀ ਮੈਂ ਮ੍ਰਿਤਕ ਨੂੰ ਵੇਖ ਸਕਦਾ/ਸਕਦੀ ਹਾਂ?

ਮ੍ਰਿਤਕ ਵਿਅਕਤੀ ਦਾ ਕੋਈ ਵੀ ਨਜ਼ਦੀਕੀ ਰਿਸ਼ਤੇਦਾਰ ਲਾਸ਼ ਨੂੰ ਵੇਖ ਸਕਦਾ/ਸਕਦੀ ਹੈ। ਮ੍ਰਿਤਕ ਵਿਅਕਤੀ ਨੂੰ ਮੁਰਦਾਘਰ ਵਿੱਚ ਲਿਜਾਣ ਦਾ ਪ੍ਰਬੰਧ ਕੀਤਾ ਜਾਵੇਗਾ ਜਿੱਥੇ ਉਨ੍ਹਾਂ ਨੂੰ ਵੇਖਿਆ ਜਾ ਸਕਦਾ ਹੈ।

ਸਰੀਰ ਨੂੰ ਛੂਹਿਆ ਜਾ ਸਕਦਾ ਹੈ ਬਸ਼ਰਤੇ ਕਿ ਕੋਰਨਰ ਇਹ ਨਿਰਧਾਰਿਤ ਨਹੀਂ ਕਰਦਾ ਕਿ ਅਜਿਹਾ ਕਰਨਾ ਅਣਚਾਹਿਆ ਜਾਂ ਖਤਰਨਾਕ ਹੈ।

ਪਰਥ ਵਿੱਚ (08) 6383 4884 ‘ਤੇ ਜਾਂ ਦਿੱਨ ਦੇ ਵਕਤ ਤੋਂ ਬਾਅਦ (08) 6457 2536 ‘ਤੇ ਸਟੇਟ ਮੁਰਦਾਘਰ ਨਾਲ ਸੰਪਰਕ ਕਰਕੇ ਪਰਥ ਵਿੱਚ, (08) 6383 4884 'ਤੇ ਜਾਂ ਦਫਤਰੀ ਸਮੇਂ ਬਾਅਦ (08) 6457 2536 'ਤੇ ਸਟੇਟ ਮੁਰਦਾਘਰ ਨਾਲ ਸੰਪਰਕ ਕਰਕੇ ਪ੍ਰਬੰਧ ਕੀਤੇ ਜਾ ਸਕਦੇ ਹਨ।

ਦੇਸ਼ ਦੇ ਪੇਂਡੂ ਖੇਤਰਾਂ ਵਿੱਚ, ਸਥਾਨਕ ਪੁਲੀਸ ਸਟੇਸ਼ਨ ਜਾਂ ਕਰੋਨਰ ਦੀ ਅਦਾਲਤ ਨਾਲ (08) 9425 2900 ‘ਤੇ ਸੰਪਰਕ ਕਰੋ।

## ਕੀ ਮੈਨੂੰ ਅੰਤਿਮ-ਸੰਸਕਾਰ ਨਿਰਦੇਸ਼ਕ (ਫੀਊਨਰਲ ਡਾਇਰੈਕਟਰ) ਨਾਲ ਸੰਪਰਕ ਕਰਨਾ ਚਾਹੀਦਾ ਹੈ?

ਕੋਰਨਰਦਾ ਮ੍ਰਿਤਕ ਦੇ ਸਰੀਰ ਨੂੰ ਸੌਂਪਣ ਤੋਂ ਬਿਨਾਂ ਹੀ ਤੁਸੀਂ ਆਪਣੀ ਪਸੰਦ ਦੇ ਸੰਸਕਾਰ ਨਿਰਦੇਸ਼ਕ ਨਾਲ ਸੰਪਰਕ ਕਰ ਸਕਦੇ ਹੋ।

ਤੁਹਾਡਾ ਅੰਤਿਮ ਸੰਸਕਾਰ ਨਿਰਦੇਸ਼ਕ ਤੁਹਾਡੀ ਤਰਫ਼ੋਂ ਕੋਰਨਰ ਦੀ ਅਦਾਲਤ ਨਾਲ ਸੰਪਰਕ ਕਰੇਗਾ ਤਾਂ ਜੋ ਜਲਦੀ ਤੋਂ ਜਲਦੀ ਛੁਡਾਉਣਅਤੇ ਅੰਤਿਮ ਸੰਸਕਾਰ ਦੀ ਮਿਤੀ ਦਾ ਪ੍ਰਬੰਧ ਕੀਤਾ ਜਾ ਸਕੇ। ਜਿਵੇਂ ਹੀ ਪੋਸਟਮਾਰਟਮ ਦੀ ਜਾਂਚ (ਜੇ ਲਾਗੂ ਹੋਵੇ) ਅਤੇ ਪਛਾਣ ਪੂਰੀ ਹੋ ਜਾਂਦੀ ਹੈ, ਤਾਂ ਮ੍ਰਿਤਕ ਵਿਅਕਤੀ ਦੀ ਲਾਸ਼ ਤੁਹਾਡੇ ਅੰਤਿਮ ਸੰਸਕਾਰ ਨਿਰਦੇਸ਼ਕ ਨੂੰ ਦੇ ਦਿੱਤੀ ਜਾਵੇਗੀ।

## ਪੋਸਟ ਮਾਰਟਮ ਜਾਂਚ ਕੀ ਹੁੰਦੀ ਹੈ?

ਪੋਸਟ ਮਾਰਟਮ ਮੌਤ ਦੇ ਕਾਰਨ ਦਾ ਪਤਾ ਲਗਾਉਣਲਈ (ਜੇ ਸੰਭਵ ਹੋਵੇ)ਅਤੇ ਰਿਕਾਰਡ ਕਰਨ ਦਾ ਤਰੀਕਾ ਹੁੰਦਾ ਹੈ।

ਇਸ ਵਿੱਚ ਮ੍ਰਿਤਕ ਵਿਅਕਤੀ ਦੀ ਬਾਹਰੀ ਅਤੇ/ਜਾਂ ਅੰਦਰੂਨੀ ਜਾਂਚ ਸ਼ਾਮਲ ਹੁੰਦੀ ਹੈ।ਕੁਝ ਟਿਸ਼ੂ ਅਤੇ ਖੂਨ ਦੇ ਨਮੂਨੇ ਆਮ ਤੌਰ ‘ਤੇ ਪ੍ਰਯੋਗਸ਼ਾਲਾ ਦੇ ਵਿਸ਼ਲੇਸ਼ਣ ਲਈ ਰੱਖੇ ਜਾਂਦੇ ਹਨ।

ਪੋਸਟ ਮਾਰਟਮ ਤੋਂ ਬਾਅਦ, ਸਰੀਰ ਨੂੰ ਜਿੰਨਾ ਵੀ ਸੰਭਵ ਹੋ ਸਕੇ ਇਸ ਦੀ ਅਸਲ ਸਥਿਤੀ ਵਿੱਚ ਵਾਪਸ ਕਰਨ ਲਈਧਿਆਨ ਰੱਖਿਆ ਜਾਂਦਾ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ, ਜਾਂਚ ਤੋਂ ਤੁਰੰਤ ਬਾਅਦ ਲਾਸ਼ ਨੂੰ ਦਫਨਾਉਣ ਜਾਂ ਸਸਕਾਰ ਕਰਨ ਲਈ ਦੇ ਦਿੱਤਾ ਜਾਂਦਾ ਹੈ।

ਕੁਝ ਮਾਮਲਿਆਂ ਵਿੱਚ, ਅਗਲੇਰੀ ਜਾਂਚ ਲਈ ਅੰਗਾਂ ਨੂੰ ਰੱਖਣਾ ਜ਼ਰੂਰੀ ਹੋ ਸਕਦਾ ਹੈ। ਅੰਤਿਮ ਸੰਸਕਾਰ ਦੀ ਮਿਤੀ ਦਾ ਫੈਸਲਾ ਕਰਨ ਸਮੇਂ ਇਸ ਗੱਲ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੋ ਸਕਦੀ ਹੈ।

ਪੋਸਟ ਮਾਰਟਮ ਤੋਂ ਬਾਅਦ ਅੰਗ ਰੱਖਣ ਬਾਰੇ ਜਾਣਕਾਰੀ ਕਰੋਨੀਅਲ ਕੌਂਸਲਿੰਗ ਅਤੇ ਸੂਚਨਾ ਸੇਵਾ (Coronial Counselling and Information Service) ਤੋਂ ਉਪਲਬਧ ਹੈ।

ਨਜ਼ਦੀਕੀ ਰਿਸ਼ਤੇਦਾਰ* ਬੇਨਤੀ ਕਰ ਸਕਦੇ ਹਨ ਕਿ ਉਹਨਾਂ ਦੀ ਪਸੰਦ ਦਾ ਡਾਕਟਰ ਜਾਂਚ ਸਮੇਂ ਹਾਜ਼ਰ ਹੋਵੇ।

## ਮੇਰੇ ਹੱਕ ਕੀ ਹਨ?

(a) **ਅੰਦਰੂਨੀ ਪੋਸਟ ਮਾਰਟਮ ਜਾਂਚ ਬਾਰੇ ਅਪ੍ਰਵਾਨ (ਇਤਰਾਜ਼) ਕਰਨਾ।**

ਜਦੋਂ ਤੱਕ ਕੋਰਨਰ ਇਹ ਫੈਸਲਾ ਨਹੀਂ ਕਰਦਾ ਕਿ ਪੋਸਟ ਮਾਰਟਮ ਜਾਂਚ ਤੁਰੰਤ ਹੀ ਹੋਣੀ ਚਾਹੀਦੀ ਹੈ, ਨਜ਼ਦੀਕੀ ਰਿਸ਼ਤੇਦਾਰਾਂ ਚੋਂ ਪ੍ਰਮੁੱਖ (ਪ੍ਰਮੁੱਖ)*ਅੰਦਰੂਨੀ ਪੋਸਟਮਾਰਟਮ ਜਾਂਚ ‘ਤੇ ਇਤਰਾਜ਼ ਕਰ ਸਕਦਾ ਹੈ।

(b) **ਅੰਦਰੂਨੀ ਪੋਸਟ ਮਾਰਟਮ ਜਾਂਚ ਲਈ ਅਰਜ਼ੀ ਦੇਣੀ।**

।ਕੁਝ ਮਾਮਲਿਆਂ ਵਿੱਚ ਕੋਰਨਰ ਇਹ ਵਿਚਾਰ ਕਰ ਸਕਦਾ ਹੈ ਕਿ ਅੰਦਰੂਨੀ ਪੋਸਟ ਮਾਰਟਮ ਜਾਂਚ ਦੀ ਲੋੜ ਨਹੀਂ ਹੋਵੇਗੀ। ਜੇਕਰ ਕੋਰਨਰ ਦਾ ਇਹ ਅਧਿਕਾਰ ਖੇਤਰ ਹੈ, ਤਾਂ ਕੋਈ ਵੀ ਵਿਅਕਤੀ ਸਰੀਰ ਦੀਅੰਦਰੂਨੀ ਪੋਸਟ ਮਾਰਟਮ ਜਾਂਚ ਕਰਵਾਉਣ ਲਈ ਕਹਿ ਸਕਦਾ ਹੈ।

## ਮੈਂ ਕਦੋਂ ਇਤਰਾਜ਼ ਕਰ ਸਕਦਾ ਜਾਂ ਅਰਜ਼ੀ ਦੇ ਸਕਦਾ ਹਾਂ?

**ਪੋਸਟ ਮਾਰਟਮ ਜਾਂਚ ਸਬੰਧੀਇਤਰਾਜ਼ ਜਾਂ ਅੰਦਰੂਨੀ ਜਾਂਚ ਲਈ ਅਰਜ਼ੀ ਜਿੰਨੀ ਵੀ ਜਲਦੀ ਹੋ ਸਕੇ ਦਰਜ ਕੀਤੀ ਜਾਣੀ ਚਾਹੀਦੀ ਹੈ।**

ਅੰਦਰੂਨੀ ਪੋਸਟ ਮਾਰਟਮ ਜਾਂਚ ‘ਤੇ ਇਤਰਾਜ਼ਾਂ ਨੂੰ ਕੋਰਨਰਦੁਆਰਾ ਸਰੀਰਕ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਕਿਸੇ ਵੀ ਸਮੇਂ ਵਿਚਾਰਿਆ ਜਾ ਸਕਦਾ ਹੈ।

ਅੰਦਰੂਨੀ ਪੋਸਟ ਮਾਰਟਮ ਜਾਂਚ ਕਰਵਾਉਣ ਲਈ ਅਰਜ਼ੀਆਂ ਨੂੰ ਕੋਰਨਰਲਾਸ਼ ਨੂੰ ਵਾਪਸ ਦੇ ਦੇਣ ਤੋਂ ਪਹਿਲਾਂ ਕਿਸੇ ਵੀ ਸਮੇਂ ਵਿਚਾਰੇਗਾ।

ਪੋਸਟ ਮਾਰਟਮ ਦੀ ਜਾਂਚ ਸ਼ੁਰੂ ਕਰਨ ਦਾ ਸਭ ਤੋਂ ਘੱਟ ਸਮਾਂ ਕਈ ਵਿਹਾਰਕ ਕਾਰਕਾਂ ‘ਤੇ ਨਿਰਭਰ ਕਰਦਾ ਹੈ ਜਿਸ ਵਿੱਚ ਮੌਤ ਦਾ ਸਥਾਨ ਅਤੇ ਹਫਤੇ ਦਾ ਦਿਨ ਸ਼ਾਮਲ ਹੈ ਜਦੋਂ ਇਹ ਕਿਤਾਬਚਾ (ਬਰੋਸ਼ਰ)ਦਿੱਤਾ ਗਿਆ ਸੀ।

**ਪਰਿਭਾਸ਼ਾ ਬਰੋਸ਼ਰ ਦੇ ਦੂਸਰੇਪਾਸੇ ਦਿੱਤੀ ਗਈ ਹੈ।*

ਕਿੰਬਰਲੀ ਅਤੇ ਪਿਲਬਾਰਾ ਖੇਤਰਾਂ ਵਿੱਚ ਮੌਤਾਂ ਲਈ ਅੰਦਰੂਨੀਪ੍ਰੀਖਿਆਵਾਂ ਪ੍ਰਮੁੱਖਨਜ਼ਦੀਕੀ ਰਿਸ਼ਤੇਦਾਰਾਂ ਨਾਲ ਸੰਪਰਕ ਕਰਨ ਅਤੇ ਬਰੋਸ਼ਰ ਦੇ ਦੇਣ ਦੇ 72 ਘੰਟਿਆਂ ਬਾਅਦ ਤੱਕ ਸ਼ੁਰੂ ਨਹੀਂ ਹੋ ਸਕਦੀਆਂ ਤਾਂ ਜੋ ਪ੍ਰਮੁੱਖਨਜ਼ਦੀਕੀ ਰਿਸ਼ਤੇਦਾਰਾਂ ਨਾਲ ਸੰਪਰਕ ਕੀਤਾ ਜਾ ਸਕੇ ਅਤੇ ਉਹਦੂਰ ਦੁਰਾਡੇ ਤੋਂਯਾਤਰਾ ਕਰ ਸਕਣ।

ਦੇਸ਼ ਦੇ ਹੋਰਨਾਂ ਖੇਤਰਾਂ ਅਤੇ ਪਰਥ ਦੇ ਮੈਟਰੋਪੋਲੀਟਨ ਖੇਤਰ ਵਿੱਚ ਸਮਾਂ ਘੱਟ ਹੋਵੇਗਾ, ਪਰ ਹਰ ਮਾਮਲੇ ਵਿੱਚ ਇਤਰਾਜ਼ ਕਰਨ ਦੇ ਯੋਗ ਬਣਾਉਣ ਲਈ ਘੱਟੋ ਘੱਟ 24 ਘੰਟਿਆ ਦਾ ਸਮਾਂ ਦਿੱਤਾ ਜਾਵੇਗਾ ਅਤੇ ਪੋਸਟ ਮਾਰਟਮ ਪ੍ਰੀਖਿਆਵਾਂ ਸਪਤਾਹਤ ਅੰਤ ਅਤੇ ਛੁਟੀ ਵਾਲੇ ਦਿਨ੍ਹਾਂ ਵਿੱਚ ਨਹੀਂ ਕੀਤੀਆਂ ਜਾਣਗੀਆਂ।

ਅੰਦਰੂਨੀ ਪੋਸਟ ਮਾਰਟਮ ਜਾਂਚ ਲਈ ਇਤਰਾਜ਼ ਕਰਨ ਜਾਂ ਅਰਜ਼ੀ ਦੇਣ ਲਈ, ਦਫਤਰੀ ਸਮੇਂ ਦੌਰਾਨ ਕੋਰਨਰ ਦੀ ਅਦਾਲਤ ਨੂੰ (08) 9425 2900 ‘ਤੇ ਫੋਨ ਕਰੋ ਜਾਂ (08) 9267 5700 ‘ਤੇ ਪਛਮੀ ਆਸਟਰੇਲੀਅਨ ਪੁਲੀਸ ਫੋਰਸ ਜਾਂਚ ਸਕਵਾਡ (Western Australia Police Force Coronial Investigation Squad) ਨੂੰ ਦਫਤਰੀ ਸਮੇਂ ਬਾਅਦ।

ਅੰਦਰੂਨੀ ਪੋਸਟ ਮਾਰਟਮ ਜਾਂਚ ‘ਤੇ ਇਤਰਾਜ਼ ਕਰਨ ਦਾ ਫੈਸਲਾ ਕਰਨ ਤੋਂ ਪਹਿਲਾਂ, ਇਹ ਵਿਚਾਰ ਕਰਨਾ ਮਹੱਤਵਪੂਰਣ ਹੈ ਕਿ ਕੀ ਮੌਤ ਦੇ ਹਾਲਾਤਾਂ ਬਾਰੇ ਕੋਈ ਚਿੰਤਾਵਾਂ ਹਨ।

**ਜੇਕਰ ਤੁਸੀਂ ਕਿਸੇ ਅੰਦਰੂਨੀ ਪੋਸਟ ਮਾਰਟਮ ਜਾਂਚ ‘ਤੇ ਇਤਰਾਜ਼ ਕਰਨਾ ਚਾਹੁੰਦੇ ਹੋ ਤਾਂ ਅੰਤਿਮ ਸੰਸਕਾਰ ਲਈ ਕੋਈ ਮਿਤੀ ਨਿਰਧਾਰਤ ਨਾ ਕਰੋ ਕਿਉਂਕਿ ਇਤਰਾਜ਼ ਪ੍ਰਕਿਰਿਆ ‘ਤੇ ਕੁਝ ਸਮਾਂ ਲੱਗ ਸਕਦਾ ਹੈ।**

## ਕੋਰਨਰ ਦੀ ਰਿਪੋਰਟ

ਕੋਰਨਰਪੋਸਟ ਮਾਰਟਮ ਪ੍ਰੀਖਿਆ ਦੇ ਨਤੀਜਿਆਂ ‘ਬਾਰੇ ਰਿਸ਼ਤੇਦਾਰਾਂ ਵਿੱਚੋਂ ਪ੍ਰਮੁੱਖਨਜ਼ਦੀਕੀ ਰਿਸ਼ਤੇਦਾਰ ਅਤੇ ਕਿਸੇ ਵੀ ਹੋਰ ਨਜ਼ਦੀਕੀ ਰਿਸ਼ਤੇਦਾਰ ਨੂੰ ਲਿਖੇਗਾ।

ਕੋਰਨਰ ਦੀ ਜਾਂਚ ਦੇ ਨਤੀਜਿਆਂ ਬਾਰੇ ਪ੍ਰਮੁੱਖਨਜ਼ਦੀਕੀ ਰਿਸ਼ਤੇਦਾਰ ਅਤੇ ਕਿਸੇ ਵੀ ਨਜ਼ਦੀਕੀ ਰਿਸ਼ਤੇਦਾਰ ਨੂੰ ਜਾਂਚ ਦੇ ਸਿੱਟੇ ਬਾਰੇ ਵੀ ਦੱਸਿਆ ਜਾਵੇਗਾ।

## ਅੰਗਾਂ ਅਤੇ ਟਿਸ਼ੂਆਂਦਾ ਦਾਨ

ਪ੍ਰਮੁੱਖਨਜ਼ਦੀਕੀ ਰਿਸ਼ਤੇਦਾਰ ਅੰਗ ਅਤੇ ਟਿਸ਼ੂ ਦੇ ਦਾਨ ਕਰਨ ਲਈ ਸਹਿਮਤੀ ਦੇ ਸਕਦਾ/ਸਕਦੀ ਹੈ, ਜੇਕਰ ਮ੍ਰਿਤਕ ਵਿਅਕਤੀ ਨੇ ਦਾਨੀ ਨਾ ਬਣਨ ਦੀ ਇੱਛਾ ਦਾ ਸੰਕੇਤ ਨਾ ਦਿੱਤਾ ਹੋਵੇ।

ਅੰਗ ਅਤੇ ਟਿਸ਼ੂ ਦਾਨ ਦੀ ਸੰਭਾਵਨਾ ਬਾਰੇ ਚਰਚਾ ਕਰਨ ਲਈ DonateLifeWA ਦੇ ਇੱਕ ਦਾਨੀ ਕੋਔਰਡੀਨੇਟਰ ਦੁਆਰਾ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਕਿਸੇ ਦਾਨੀਕੋਔਰਡੀਨੇਟਰਨਾਲ ਸੰਪਰਕ ਨਹੀਂ ਕਰਨਾ ਚਾਹੁੰਦੇ ਤਾਂ ਕਿਰਪਾ ਕਰਕੇ ਪੁਲੀਸ ਜਾਂ ਕੋਰੋਨੀਅਲ ਕਰਮਚਾਰੀਆਂ ਨੂੰ ਇਸ ਬਾਰੇ ਦੱਸੋ।

ਜੇ ਤੁਸੀਂ ਅੰਗ ਅਤੇ ਟਿਸ਼ੂ ਦਾਨ ਬਾਰੇ ਚਰਚਾ ਕਰਨੀ ਚਾਹੁੰਦੇ ਹੋ ਤਾਂ ਤੁਸੀਂ (08) 6457 3333 (24 ਘੰਟੇ, 7 ਦਿਨ ਪ੍ਰਤੀ ਹਫਤੇ) ‘ਤੇ ਸਰ ਚਾਰਲਸ ਗੇਅਰਡਨਰ ਹਸਪਤਾਲ (Sir Charles Gairdner Hospital) ਦੇ ਔਨ-ਕਾਲ ਡੋਨਰ ਕੋਔਰਡੀਨੇਟਰ ਨਾਲ ਸੰਪਰਕ ਕਰ ਸਕਦੇ ਹੋ।